# ਕਲਾ ਦੇ ਝਰੋਖੇ ਤੋਂ

## ਗੁਰਸ਼ਰਨ ਸਿੰਘ

**ਰਣਜੀਤ ਧੀਰ ਦੇ ਪੱਤਰਕਾਰੀ ਲੇਖ:** ਪੰਜਾਬੀ ਪੱਤਰਕਾਰੀ ਲੇਖਾਂ ਵਿਚ ਹੁਣ ਗਿਣਤੀ ਵਜੋਂ ਵੀ ਅਤੇ ਗੁਣ ਵਜੋਂ ਵੀ ਇਕ ਸਿਫ਼ਤੀ ਤਬਦੀਲੀ ਆਈ ਹੈ। ਵੱਖ ਵੱਖ ਵਿਸ਼ਿਆਂ 'ਤੇ ਮਾਹਿਰਾਂ ਅਤੇ ਚਿੰਤਕਾਂ ਦੇ ਲੇਖ ਪੰਜਾਬੀ ਅਖ਼ਬਾਰਾਂ ਵਿਚ ਪੜ੍ਹਣ ਨੂੰ ਮਿਲਦੇ ਹਨ, ਜਿਹੜੇ ਤੁਹਾਡੀ ਸੋਚ ਨੂੰ ਝੰਜੋੜਦੇ ਹਨ। ਪੱਤਰਕਾਰੀ ਲੇਖਾਂ ਦੇ ਲਿਖਣ ਵਾਲਿਆਂ ਵਿਚੋਂ ਰਣਜੀਤ ਧੀਰ ਹੁਣ ਇਕ ਸਥਾਪਤ ਨਾਂ ਹੈ। ਉਹਦਾ ਇਕ ਲੇਖ 'ਪੰਜਾਬੀ ਟ੍ਰਿਬਿਊਨ' ਦੇ 14 ਅਪਰੈਲ ਦੇ ਅੰਕ ਵਿਚ ਆਇਆ ਹੈ। ਲੇਖ ਦਾ ਸਿਰਲੇਖ ਹੈ 'ਆਪਣੇ ਦੇਸ਼ ਦੀ ਕਿਹੜੀ ਗੱਲ 'ਤੇ ਮਾਣ ਕਰੀਏ?' ਇਹ ਲੇਖ ਇਕਦਮ ਤੁਹਾਡਾ ਧਿਆਨ ਖਿਚਦਾ ਹੈ। ਲੇਖ ਦਾ ਕੇਂਦਰੀ ਨੁਕਤਾ ਹੈ ਕਿ ਅੱਜ ਦੇ ਯੁੱਗ ਵਿਚ ਆਪਣੇ ਮਹਾਨ ਵਿਰਸੇ ਬਾਰੇ ਐਵੇਂ ਭਾਵੁਕ ਜਿਹੀਆਂ ਗੱਲਾਂ ਕਰਨੀਆਂ ਬਿਲਕੁਲ ਹੀ ਬੇਮਅਨੀ ਹਨ। ਅੱਜ ਸਾਡੇ ਪ੍ਰਸ਼ਾਸਨ ਅਤੇ ਸਮਾਜਕ ਵਰਤਾਰੇ ਵਿਚ ਏਨਾ ਨਿਘਾਰ ਆ ਚੁੱਕਿਆ ਹੈ ਕਿ ਭਾਵੁਕਤਾ ਨਾਲੋਂ ਸੰਜੀਦਾ ਫਿਕਰ ਸਮੇਂ ਦੀ ਲੋੜ ਬਣ ਗਈ ਹੈ। ਇਸ ਲੇਖ ਵਿਚ ਰਣਜੀਤ ਧੀਰ ਨੇ ਆਪਣੀ ਪੰਜਾਬ ਫੇਰੀ ਦੇ ਪ੍ਰਭਾਵ ਅੰਕਿਤ ਕੀਤੇ ਹਨ।

ਰਣਜੀਤ ਧੀਰ ਇੰਗਲੈਂਡ ਵਿਚ ਰਹਿਣ ਵਾਲਾ ਹੈ। ਸਾਹਿਤਕ ਹਲਕਿਆਂ ਵਿਚ ਉਹਦੀ ਪਛਾਣ ਉਹਦੇ ਲੇਖਾਂ ਦੇ ਇਕ ਸੰਗ੍ਰਹਿ 'ਪਰਦੇਸ਼ਨਾਮਾ' ਨਾਲ ਬਣਦੀ ਹੈ ਜੋ ਨਵਯੁੱਗ ਪਬਲਿਸਰਜ਼ ਵਲੋਂ 1995 ਵਿਚ ਛਾਪਿਆ ਗਿਆ। ਇਸ ਸੰਗ੍ਰਹਿ ਵਿਚ ਸ਼ਾਮਲ ਲੇਖਾਂ ਵਿਚੋਂ ਇਕ ਲੇਖ 'ਨਾਇਕ ਦੀ ਮੌਤ', 'ਲਕੀਰ' ਦੇ ਅਪਰੈਲ-ਮਈ-ਜੂਨ 1995 ਅੰਕ ਵਿਚ ਛਪਿਆ। ਸੁਰਜੀਤ ਹਾਂਸ ਦੀ ਉਸ ਬਾਰੇ ਟਿੱਪਣੀ ਸੀ, ''ਨਾਇਕ ਦੀ ਮੌਤ' ਲੇਖ ਸਮਾਜਵਾਦ ਦੇ ਦੁਖਾਂਤਕ ਪਤਨ ਬਾਰੇ ਇੰਨਾ ਸੰਵੇਦਨ ਚਿੰਤਨਸ਼ੀਲ ਹੈ ਕਿ ਪੰਜਾਬੀ ਵਿਚ ਇਹਦੀ ਮਿਸਾਲ ਸ਼ਾਇਦ ਹੀ ਕਿਧਰੇ ਮਿਲਦੀ ਹੈ। ਧੀਰ ਵਰਗੀ ਨਸਰ ਕੋਈ ਇਕ ਅੱਧਾ ਪੰਜਾਬੀ ਲਿਖ ਸਕਦਾ ਹੈ।'' ਇਸ ਲੇਖ ਵਿਚ ਲੇਖਕ ਵਲੋਂ ਚੈਕੋਸਲੋਵਾਕੀਆ ਵਿਚ ਬਿਤਾਏ ਕੁਝ ਦਿਨਾਂ ਦੇ ਪ੍ਰਭਾਵ ਸਨ। ਇਹ ਉਹ ਦਿਨ ਸਨ ਜਦੋਂ ਗੋਰਬਾਚੇਵ ਦੇ ਅਸਤੀਫ਼ੇ ਦੀ ਖ਼ਬਰ ਆਈ ਅਤੇ ਮਗਰੋਂ ਲਾਲ ਝੰਡੇ ਦੇ ਹੇਠਾਂ ਉਤਰਨ ਉਪਰੰਤ ਸੋਵੀਅਤ ਯੂਨੀਅਨ ਦਾ ਅੰਤ ਹੋਇਆ। ਧੀਰ ਨੇ ਇਹ ਟਿੱਪਣੀ ਕੀਤੀ ਕਿ ਸੋਵੀਅਤ ਯੂਨੀਅਨ ਦਾ ਅੰਤ ਯੂਨਾਨੀ ਦੁਖਾਂਤ ਨਾਟਕ ਵਿਚ ਇਕ ਨਾਇਕ ਦੀ ਮੌਤ ਵਰਗਾ ਹੈ, ਜਿਥੇ ਦਰਸ਼ਕਾਂ ਨੂੰ ਨਾਇਕ ਦੀਆਂ ਕਮਜ਼ੋਰੀਆਂ ਦਾ ਪਤਾ ਹੁੰਦਾ ਹੈ ਪਰ ਨਾਇਕ ਵਿਚ ਕੋਈ ਨਾ ਕੋਈ ਇਖ਼ਲਾਕੀ ਬੁਲੰਦੀ ਵੀ ਹੁੰਦੀ ਹੈ, ਜਿਸ ਕਰ ਕੇ ਦਰਸ਼ਕ ਉਹਦੀ ਮੌਤ 'ਤੇ ਰੁਦਨ ਕਰਦੇ ਹਨ। ਉਸ ਨੇ ਇਹ ਪ੍ਰਭਾਵ ਜਦੋਂ ਇਕ ਜ਼ੈਚ ਦੋਸਤ ਦੇ ਨਾਲ ਸਾਂਝੇ ਕੀਤੇ ਤੇ ਕਿਹਾ ਕਿ ਸੋਵੀਅਤ ਯੂਨੀਅਨ ਦੇ ਅੰਤ ਨਾਲ ਤੀਜੀ ਦੁਨੀਆਂ ਦੇ ਲੋਕ ਤਾਂ ਘਟੋ ਘੱਟ ਯਤੀਮ ਹੋ ਜਾਣਗੇ ਤਾਂ ਜ਼ੈਚ ਦੋਸਤ ਵਲੋਂ ਜਵਾਬ ਸੀ ਕਿ ਕੀ ਇਹ ਜਾਇਜ਼ ਹੈ ਕਿ ਤੀਜੀ ਦੁਨੀਆਂ ਨੂੰ ਆਜ਼ਾਦ ਕਰਵਾਉਣ ਖ਼ਾਤਰ ਸੋਵੀਅਤ ਕੈਂਪ ਦੇ ਲੋਕਾਂ ਨੂੰ ਗੁਲਾਮ ਰੱਖਿਆ ਜਾਏ? ਫੇਰ ਉਸੇ ਦੋਸਤ ਨੇ ਧੀਰ ਨੂੰ ਕਿਹਾ ਕਿ ਉਸ ਦੀ ਟਿੱਪਣੀ ਤੋਂ ਇਹ ਨਾ ਸਮਝਿਆ ਜਾਏ ਕਿ ਚੈਕੋਸਲੋਵਾਕੀਆ ਵਿਚ ਲੋਕ ਸਮਾਜਵਾਦ ਦੇ ਕੱਟੜ ਵਿਰੋਧੀ ਹੋ ਗਏ ਹਨ। ਨਹੀਂ, ਸਗੋਂ ਲੋਕ ਕਹਿੰਦੇ ਹਨ ਕਿ ਅੱਗੋਂ ਤੋਂ ਸਮਾਜਵਾਦ ਦੀ ਜਦੋਜਹਿਦ ਲੜਣੀ ਹੈ ਤਾਂ ਉਨ੍ਹਾਂ ਦੇ ਤਜਰਬੇ ਦੀ ਚੀਰ-ਫਾੜ ਕਰਨੀ ਵੀ ਜ਼ਰੂਰੀ ਹੈ।

'ਨਾਇਕ ਦੀ ਮੌਤ' ਲੇਖ ਵਿਚ ਹੋਰ ਵੀ ਐਸੀਆਂ ਗੱਲਾਂ ਹਨ ਜਿਨ੍ਹਾਂ ਬਾਰੇ ਸੋਚਣਾ ਸਾਡੇ ਉਨ੍ਹਾਂ ਚਿੰਤਕਾਂ ਦਾ ਫ਼ਰਜ਼ ਬਣਦਾ ਹੈ ਜੋ ਸਮਾਜਕ ਨਿਆਂ ਵਾਲੇ ਸਮਾਜ ਬਣਾਉਣ ਦੇ ਧਾਰਨੀ ਹਨ ਤੇ ਵਚਨਬਧ ਹਨ। ਇੰਗਲੈਂਡ ਦੇ ਰਹਿਣ ਵਾਲੇ ਸਾਡੇ ਲੇਖਕਾਂ ਨੂੰ ਇਹ ਸਹੂਲਤ ਹੈ ਕਿ ਉਨ੍ਹਾਂ ਨੂੰ ਦੁਨੀਆਂ ਬਾਰੇ ਜਾਨਣ ਦਾ ਬਹੁਤ ਮੌਕਾ ਮਿਲਦਾ ਹੈ ਕਿਉਂਕਿ ਉਥੋਂ ਦੀਆਂ ਅਖ਼ਬਾਰਾਂ ਵਿਚ ਜਿਥੇ ਦੁਨੀਆਂ ਵਿਚ ਵਾਪਰ ਰਹੀਆਂ ਘਟਨਾਵਾਂ ਦੀ ਖ਼ਬਰ ਹੁੰਦੀ ਹੈ, ਉਥੇ ਇਨ੍ਹਾਂ ਖ਼ਬਰਾਂ ਦਾ ਮੁੱਲਾਂਕਣ ਵੀ ਉਨ੍ਹਾਂ ਅਖ਼ਬਾਰਾਂ ਦੀ ਖ਼ਾਸੀਅਤ ਹੈ।

ਉਮੀਦ ਕੀਤੀ ਜਾਂਦੀ ਹੈ ਕਿ ਰਣਜੀਤ ਧੀਰ 'ਨਾਇਕ ਦੀ ਮੌਤ' ਅਤੇ 'ਆਪਣੇ ਦੇਸ਼ ਦੀ ਕਿਹੜੀ ਗੱਲ 'ਤੇ ਮਾਣ ਕਰੀਏ?' ਵਰਗੇ ਲੇਖਾਂ ਨਾਲ ਪੰਜਾਬੀ ਪੱਤਰਕਾਰੀ ਨੂੰ ਅਮੀਰ ਕਰਦਾ ਰਹੇਗਾ।

**ਸੜਕ 'ਤੇ ਰੋੜੀ ਕੁਟਦੀਆਂ ਮੁਟਿਆਰਾਂ ਨੂੰ ਵੇਖੋ:** ਬਹੁਤ ਸਾਲ ਪਹਿਲੇ ਇਹ ਗੀਤ ਪਲਸ ਮੰਚ ਦੇ ਗੀਤਾਂ ਦੀ ਇਕ ਕੈਸਟ ਵਿਚ ਸ਼ਾਮਲ ਕੀਤਾ ਗਿਆ। ਉਸ ਵੇਲੇ ਚਾਹੁਣ 'ਤੇ ਵੀ ਨਹੀਂ ਪਤਾ ਲਗ ਸਕਿਆ ਸੀ ਕਿ ਇਹ ਗੀਤ ਕੀਹਦੀ ਕਲਮ ਤੋਂ ਹੈ। ਇਹ ਗੀਤ ਬੜਾ ਮਕਬੂਲ ਹੋਇਆ। ਪਿਛਲੇ ਹਫ਼ਤੇ ਦੁਸਾਂਝ ਕਲਾਂ 'ਚ ਹੋਏ ਇਕ ਸਮਾਗਮ ਵਿਚ ਇਹ ਪਤਾ ਲੱਗਾ ਕਿ ਇਹ ਗੀਤ ਦੁਸਾਂਝ ਦੇ ਹੀ ਕਵੀ ਅਤੇ ਗੀਤਕਾਰ ਮਤਵਾਲਾ ਜੀ ਦੀ ਕਲਮ ਤੋਂ ਹੈ। ਇਸ ਸਮਾਗਮ ਵਿਚ ਮਤਵਾਲਾ ਜੀ ਵਲੋਂ ਹੋਰ ਵੀ ਗੀਤ ਮਿਹਨਤਕਸ਼ ਲੋਕਾਂ ਦੀ ਜ਼ਿੰਦਗੀ ਬਾਰੇ ਸੁਨਣ ਨੂੰ ਮਿਲੇ। ਖ਼ੁਸ਼ੀ ਵੀ ਹੋਈ। ਮਤਵਾਲਾ ਜੀ ਨੂੰ ਪਲਸ ਮੰਚ ਦੇ ਲੁਧਿਆਣਾ ਵਿਚ ਹੋ ਰਹੇ ਪਹਿਲੀ ਮਈ ਰਾਤ ਦੇ ਸਮਾਗਮ ਵਿਚ ਗੀਤ ਪੇਸ਼ ਕਰਨ ਲਈ ਵਿਸ਼ੇਸ਼ ਸੱਦਾ ਦਿੱਤਾ ਗਿਆ ਹੈ ਤਾਂ ਜੋ ਇਸ ਗੀਤਕਾਰ ਦੀ ਇਨਕਲਾਬੀ ਸਭਿਆਚਾਰਕ ਹਲਕਿਆਂ ਵਿਚ ਸਹੀ ਪਹਿਚਾਣ ਹੋ ਸਕੇ।

**ਨ41ਲਘੂ ਨਾਟਕ 'ਅਸੀਂ ਖ਼ਾਨਦਾਨੀ ਉਮੀਦਵਾਰ ਹਾਂ':** ਫ਼ਰੀਦਕੋਟ ਹਲਕੇ ਵਿਚ ਸੁਖਬੀਰ ਸਿੰਘ ਬਾਦਲ ਤੇ ਬਬਲੀ ਬਰਾੜ ਅਕਾਲੀਆਂ ਅਤੇ ਕਾਂਗਰਸ ਦੇ ਉਮੀਦਵਾਰ ਹਨ। ਦੋਨੋਂ ਇਕ ਥਾਂ ਇਕੱਠੇ ਹੋਏ।

–ਤੂੰ ਦਸ ਤੇਰੇ ਵਿਚ ਕੀ ਗੁਣ ਏ?

–ਮੈਂ ਪ੍ਰਕਾਸ਼ ਸਿੰਘ ਬਾਦਲ ਦਾ ਲੜਕਾ ਹਾਂ। ਤੂੰ ਦੱਸ ਤੇਰੇ ਵਿਚ ਕੀ ਗੁਣ ਏ?

–ਮੇਰੀਆਂ ਰਗਾਂ ਵਿਚ ਹਰਚਰਨ ਸਿੰਘ ਬਰਾੜ ਦਾ ਖ਼ੂਨ ਹੈ, ਇਹ ਕੋਈ ਛੋਟੀ ਗੱਲ ਨਹੀਂ।

–ਹਾਂ ਇਹ ਛੋਟੀ ਗੱਲ ਨਹੀਂ। ਮੈਂ ਵੱਡਿਆਂ ਦਾ ਪੁੱਤਰ ਹਾਂ, ਤੂੰ ਵੱਡਿਆਂ ਦੀ ਧੀ ਏਂ। ਪੰਜਾਬ ਦੇ ਲੋਕਾਂ ਲਈ 1996 ਵਿਚ ਇਹ ਚੋਣ ਮੁੱਦਾ ਹੀ ਕਾਫ਼ੀ ਏ।